# ਪ੍ਰੈੱਸ ਨੋਟ

Ontario

ਮਨਿਸਟਰੀ ਆਫ਼ ਦ
ਐਟਰਨੀ ਜਨਰਲ

ਤੁਰੰਤ ਜਾਰੀ ਕੀਤੇ ਜਾਣ ਲਈ
26 ਅਪਰੈਲ 2006

## ਮੈਗਿੰਟੀ ਸਰਕਾਰ ਓਨਟੇਰੀਓ ਵਿੱਚ ਮਨੁੱਖੀ ਹੱਕਾਂ ਦੀਆਂ ਸੁਰੱਖਿਆਵਾਂ ਨੂੰ ਮਜ਼ਬੂਤ ਬਣਾ ਰਹੀ ਹੈ

*ਵਿਧਾਨ ਮਨੁੱਖੀ ਹੱਕਾਂ ਦੀ ਪ੍ਰਣਾਲੀ ਨੂੰ ਆਧੁਨਿਕ ਬਣਾਵੇਗਾ, ਜਨਤਾ ਦੀ ਚੰਗੇਰੀ ਸੇਵਾ ਕਰੇਗਾ*

ਟੋਰੰਟੋ —ਮੈਗਿੰਟੀ ਸਰਕਾਰ ਨੇ ਇੱਕ ਅਜਿਹਾ ਕਾਨੂੰਨ ਲਿਆਂਦਾ ਹੈ ਜੋ, ਜੇ ਕਰ ਪਾਸ ਹੋ ਜਾਂਦਾ ਹੈ, ਓਨਟੇਰੀਓ ਦੀ ਮਨੁੱਖੀ ਹੱਕਾਂ ਦੀ ਪ੍ਰਣਾਲੀ ਦੇ ਪ੍ਰਫੁੱਲਤ ਹੋਣ, ਵਾਧੇ ਅਤੇ ਲਾਗੂ ਕੀਤੇ ਜਾਣ ਵਿੱਚ ਸੁਧਾਰ ਅਤੇ ਮਜ਼ਬੂਤੀ ਲਿਆਵੇਗਾ, ਐਟਰਨੀ ਜਨਰਲ ਮਾਈਕਲ ਬ੍ਰਾਇੰਟ ਨੇ ਅੱਜ ਐਲਾਨ ਕੀਤਾ।

"ਸਾਡੀ ਸਰਕਾਰ ਮਨੁੱਖੀ ਹੱਕਾਂ ਨੂੰ ਪ੍ਰਫੁੱਲਤ ਕਰਨ, ਵਿਤਕਰੇ ਨਾਲ ਲੜਣ ਅਤੇ ਕਮਜ਼ੋਰ ਲੋਕਾਂ ਦੀ ਸੁਰੱਖਿਆ ਲਈ ਪ੍ਰਤੀਬੱਧ ਹੈ," ਬ੍ਰਾਂਇੰਟ ਨੇ ਕਿਹਾ। "ਇੱਕ ਆਧੁਨਿਕ ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਮਨੁੱਖੀ ਹੱਕਾਂ ਦਾ ਵਧੇਰੇ ਮਜ਼ਬੂਤ ਆਗੂ ਬਣੇਗਾ ਜੋ ਵਿਤਕਰੇ ਦੇ ਖਾਤਮੇ ਤੇ ਧਿਆਨ ਕੇਂਦ੍ਰਿਤ ਕਰੇਗਾ ਜਦੋਂ ਕਿ ਵਿਅਕਤੀਗਤ ਝਗੜਿਆਂ ਦੇ ਨਿਆਂਕਾਰੀ, ਤੁਰੰਤ ਅਤੇ ਅਸਰਦਾਰ ਹੱਲ ਲਈ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਨੂੰ ਵਧੇਰੇ ਤਾਕਤਾਂ ਦਿੱਤੀਆਂ ਜਾਣਗੀਆਂ।"

ਪ੍ਰਸਤਾਵਿਤ ਹਿਊਮਨ ਰਾਈਟਸ ਕੋਡ ਅਮੈਂਡਮੈਂਟ ਐਕਟ, 2006, ਅਧੀਨ ਓਨਟੇਰੀਓ ਦੀ ਮਨੁੱਖੀ ਅਧਿਕਾਰ ਪ੍ਰਣਾਲੀ ਨੂੰ ਹੇਠ ਲਿਖੇ ਤਰੀਕਿਆਂ ਨਾਲ ਸੁਧਾਰਿਆ ਜਾਵੇਗਾ:

- ਜਨਤਕ ਵਿੱਦਿਆ, ਸਿਲਸਿਲੇਵਾਰ ਵਕਾਲਤ, ਪ੍ਰਫੁੱਲਤਾ, ਖੋਜ ਅਤੇ ਵਿਸ਼ਲੇਸ਼ਣ ਵਰਗੀਆਂ ਪੇਸ਼ਕਦਮੀ ਵਾਲੀਆਂ ਕਾਰਵਾਈਆਂ ਤੇ ਧਿਆਨ ਕੇਂਦ੍ਰਿਤ ਕਰਨ ਰਾਹੀਂ ਵਿਤਕਰੇ ਦੇ ਖਾਤਮੇ ਵਿੱਚ ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ (ਓ.ਐੱਚ.ਆਰ.ਸੀ. – OHRC) ਦੀ ਭੂਮਿਕਾ ਨੂੰ ਮਜ਼ਬੂਤ ਕਰ ਕੇ

- ਵਿਤਕਰੇ ਦੇ ਦਾਅਵਿਆਂ ਨੂੰ ਵਧੀਕ ਤਾਕਤਾਂ ਵਾਲੇ ਹਿਊਮਨ ਰਾਈਟਸ ਟ੍ਰਿਬਿਊਨਲ ਆਫ ਓਨਟੇਰੀਓ (ਐੱਚ.ਆਰ.ਟੀ.ਓ. – HRTO) ਕੋਲ ਸਿੱਧਾ ਦਾਇਰ ਕਰਨ ਦੀ ਇਜਾਜ਼ਤ ਦੇ ਕੇ ਅਤੇ ਸਾਲਸੀ, ਫੈਸਲਾਕੁੰਨ ਕਾਰਵਾਈ ਅਤੇ ਕਾਨੂੰਨ ਲਾਗੂ ਕੀਤੇ ਜਾਣ ਦੀ ਵਿਧੀ ਰਾਹੀਂ ਇਨ੍ਹਾਂ ਦਾ ਜਲਦੀ ਅਤੇ ਅਸਰਦਾਰ ਹੱਲ ਕਰ ਕੇ

- ਇੱਕ ਹਿਊਮਨ ਰਾਈਟਸ ਲੀਗਲ ਸਪੋਰਟ ਸੈਂਟਰ ਸਿਰਜ ਕੇ ਜਿਹੜਾ ਟ੍ਰਿਬਿਊਨਲ ਵਿਖੇ ਸਮੱਸਿਆਵਾਂ ਦੇ ਹੱਲ ਦੀ ਮੰਗ ਕਰਨ ਵਾਲਿਆਂ ਨੂੰ ਜਾਣਕਾਰੀ, ਹਿਮਾਇਤ, ਸਲਾਹ, ਸਹਾਇਤਾ ਅਤੇ ਕਾਨੂੰਨੀ ਨੁਮਾਇੰਦਗੀ ਪ੍ਰਦਾਨ ਕਰੇਗਾ

- ਓ.ਐੱਚ.ਆਰ.ਸੀ. ਦੇ ਵਿੱਚ ਦੋ ਸਕੱਤਰੇਤ – ਇੱਕ ਨਸਲਵਾਦ-ਵਿਰੋਧੀ ਸਕੱਤਰੇਤ, ਅਤੇ ਇੱਕ ਅਪਾਹਜਤਾ ਸੰਬੰਧੀ ਹੱਕਾਂ ਬਾਰੇ ਸਕੱਤਰੇਤ – ਸਥਾਪਤ ਕਰ ਕੇ

“ਕਮਿਸ਼ਨ ਸਰਕਾਰ ਨਾਲ ਮਿਲ ਕੇ ਮਨੁੱਖੀ ਹੱਕਾਂ ਦੀ ਇੱਕ ਨਵਿਆਈ ਗਈ ਪ੍ਰਣਾਲੀ ਬਣਾਵੇਗਾ ਜਿਹੜੀ ਮਨੁੱਖੀ ਹੱਕਾਂ ਵਿੱਚ ਅੰਤਰਾਸ਼ਟਰੀ ਪੱਧਰ ਤੇ ਓਨਟੇਰੀਓ ਦੇ ਮੋਹਰੀ ਸਥਾਨ ਨੂੰ ਬਰਕਰਾਰ ਰੱਖੇਗੀ,” ਓ.ਐੱਚ.ਆਰ.ਸੀ. ਦੀ ਚੀਫ ਕਮਿਸ਼ਨਰ ਬਾਰਬਰਾ ਹਾਲ ਨੇ ਕਿਹਾ।

“ਇਸ ਵਿਧਾਨ ਤਹਿਤ, ਓਨਟੇਰੀਓ ਵਾਸੀ ਮਨੁੱਖੀ ਹੱਕਾਂ ਬਾਰੇ ਆਪਣੀਆਂ ਸ਼ਿਕਾਇਤਾਂ ਦਾ ਜਲਦੀ, ਕਾਰਗਰ ਅਤੇ ਅਸਰਦਾਰ ਤਰੀਕੇ ਨਾਲ ਹੱਲ ਕਰਵਾ ਸਕਣਗੇ, “ ਮਾਈਕਲ ਗੋਠੀਲ, ਐੱਚ.ਆਰ.ਟੀ.ਓ. ਦੇ ਚੇਅਰ, ਨੇ ਕਿਹਾ। “ਮੈਂ ਇਸ ਨੂੰ ਲਾਗੂ ਕਰਨ ਲਈ ਸਰਕਾਰ ਨਾਲ ਮਿਲ ਕੇ ਕੰਮ ਕਰਨ ਬਾਰੇ ਤਾਂਘ ਰੱਖਦਾ ਹਾਂ।”

“ਮੈਂ ਐਟਰਨੀ-ਜਨਰਲ ਵੱਲੋਂ ਮਨੁੱਖੀ ਹੱਕਾਂ ਦੀ ਪ੍ਰਣਾਲੀ ਨੂੰ ਸੁਧਾਰਨ ਲਈ ਲਿਆਂਦੇ ਵਿਧਾਨ ਦਾ ਸਵਾਗਤ ਕਰਦੀ ਹਾਂ,” ਰੂਥ ਕੈਰੀ, ਐੱਚ.ਆਈ.ਵੀ. ਐਂਡ ਏਡਜ਼ ਲੀਗਲ ਕਲੀਨਿਕ (ਓਨਟੇਰੀਓ) ਦੀ ਐਕਜ਼ੈਕਟਿਵ ਡਾਇਰੈਕਟਰ ਨੇ ਕਿਹਾ। “ਮਨੁੱਖੀ ਹੱਕਾਂ ਬਾਰੇ ਗਰੁੱਪਾਂ ਅਤੇ ਭਾਈਚਾਰਕ ਗਰੁੱਪ ਲੰਮੇ ਸਮੇਂ ਤੋਂ ਇਸ ਦੀ ਮੰਗ ਕਰਦੇ ਰਹੇ ਹਨ। ਅਸੀਂ ਮਨੁੱਖੀ ਹੱਕਾਂ ਪ੍ਰਤੀ ਸਰਕਾਰ ਦੀ ਇਸ ਪ੍ਰਤੀਬੱਧਤਾ ਦਾ ਸਵਾਗਤ ਕਰਦੇ ਹਾਂ।”

“ਅਸੀਂ ਆਪਣੀ ਮਨੁੱਖੀ ਅਧਿਕਾਰਾਂ ਦੀ ਪ੍ਰਣਾਲੀ ਨੂੰ ਬਦਲਣ ਬਾਰੇ ਅਜਿਹੀਆਂ ਮੰਗਾਂ ਤੇ ਕਾਰਵਾਈ ਕਰ ਰਹੇ ਹਾਂ ਜਿਨ੍ਹਾਂ ਨੂੰ ਅਸੀਂ ਕੋਈ ਇੱਕ ਦਹਾਕੇ ਤੋਂ ਵੀ ਵਧੇਰੇ ਸਮੇਂ ਤੋਂ ਸੁਣਦੇ ਆ ਰਹੇ ਹਾਂ,” ਬ੍ਰਾਇੰਟ ਨੇ ਕਿਹਾ। “ਨਵਾਂ ਕਾਨੂੰਨ ਇਹ ਯਕੀਨੀ ਬਣਾਵੇਗਾ ਕਿ ਜਨਤਾ ਲਈ ਸੇਵਾਵਾਂ ਵਿੱਚ ਸੁਧਾਰ ਹੋਵੇ ਅਤੇ ਸੂਬੇ ਵਿੱਚ ਮਨੁੱਖੀ ਹੱਕ ਪ੍ਰਫੁੱਲਤ ਹੋ ਸਕਣ ।”

– 30 –

ਸੰਪਰਕ:
ਗਰੈੱਗ ਕ੍ਰੋਨ
ਮੰਤਰੀ ਦਾ ਦਫ਼ਤਰ
*(416) 326-1785*

ਬ੍ਰੈਂਡਨ ਕ੍ਰਾਅਲੀ
ਕਮਿਊਨੀਕੇਸ਼ਨਜ਼ ਬ੍ਰਾਂਚ
*(416) 326-2210*

*Disponible en français*

www.attorneygeneral.jus.gov.on.ca

ਇਹ ਦਸਤਾਵੇਜ www.attorneygeneral.jus.gov.on.ca ਵਿਖੇ 14 ਭਾਸ਼ਾਵਾਂ ਵਿੱਚ ਉਪਲਬਧ ਹੈ।

ਟੈਲੀਫੋਨ ਰਾਹੀਂ ਆਮ ਪੁੱਛ-ਗਿੱਛ: 416-326-2220 ਜਾਂ 1-800-518-7901

ਇਸ ਦਸਤਾਵੇਜ ਦਾ ਪਾਠ ਸੁਣਨ ਲਈ ਦ੍ਰਿਸ਼ਟੀ-ਹੀਣ ਵਿਅਕਤੀ ਉਪ੍ਰੋਕਤ ਨੰਬਰਾਂ ਤੇ ਫੋਨ ਕਰ ਸਕਦੇ ਹਨ।

ਬ੍ਰੇਲ ਵਿੱਚ ਇਹ ਦਸਤਾਵੇਜ ਬੇਨਤੀ ਕਰਨ ਤੇ ਮਿਲ ਸਕਦਾ ਹੈ।

ਟੀ.ਟੀ.ਵਾਈ.: 416-326-4012